**ਪੰਜਾਬ ਸਕੂਲ ਸਿੱਖਿਆ ਬੋਰਡ**

**ਵਿੱਦਿਆ ਭਵਨ ਫੇਜ-8, ਸਾਹਿਬਜਾਦਾ ਅਜੀਤ ਸਿੰਘ ਨਗਰ**

ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ / ਮੁੱਖ ਅਧਿਆਪਕ
ਸੀਨੀਅਰ ਸੈਕੰਡਰੀ ਤੇ ਹਾਈ ਸਕੂਲ।

ਨੰ: **ਪਸਸਬ-ਅਕਾਦਮਿਕ / 2026**....2598.... **ਮਿਤੀ**....22/07/2026

ਵਿਸ਼ਾ:- **ਵਿੱਦਿਅਕ ਸਾਲ 2026-27 ਲਈ ਅੱਠਵੀ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਦਾਖਲੇ ਲਈ ਰਿਵਾਇਜਡ ਦਾਖਲਾ ਸ਼ਡਿਊਲ।**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਵਿੱਦਿਅਕ ਸਾਲ 2026-27 ਲਈ ਅੱਠਵੀ ਤੋ ਬਾਰ੍ਹਵੀ ਸ਼੍ਰੇਣੀਆ ਵਿੱਚ ਰੈਗੂਲਰ ਦਾਖਲਾ ਲੈਣ ਵਾਲੇ ਵਿਦਿਆਰਥੀਆ ਲਈ ਰਿਵਾਇਜਡ ਦਾਖਲਾ ਸ਼ਡਿਊਲ ਬੋਰਡ ਵੱਲੋ ਪੱਤਰ ਨੰ. ਪਸਸਬ-ਅਕਾਦਮਿਕ/2026/ 2569 ਮਿਤੀ 08-07-2026 ਰਾਹੀ ਮਿਤੀ 24-07-2026 ਨਿਰਧਾਰਿਤ ਕੀਤਾ ਗਿਆ ਸੀ । ਜਿਸ ਵਿੱਚ ਬੋਰਡ ਵੱਲੋਂ **ਮਿਤੀ 08-08-2026** ਤੱਕ ਦਾ ਵਾਧਾ ਕੀਤਾ ਗਿਆ ਹੈ। ਇਸ ਦੀ ਲਗਾਤਾਰਤਾ ਵਿੱਚ ਰੈਗੂਲਰ ਵਿਦਿਆਰਥੀਆਂ ਲਈ ਰਿਵਾਇਜਡ ਦਾਖਲਾ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤਾ ਜਾਦਾ ਹੈ:-

| **ਸ੍ਰੇਣੀ** | **ਦਾਖਲੇ ਦੀ ਅੰਤਿਮ ਮਿਤੀ (R)** |
|---|---|
| **ਅੱਠਵੀ ਤੋਂ ਬਾਰ੍ਹਵੀ** | **08-08-2026** |

1. ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾ ਵਿੱਚ ਪਾਸ /ਫੇਲ ਹੋਏ ਵਿਦਿਆਰਥੀ ਨਤੀਜਾ ਨਿਕਲਣ ਤੋ 15 ਦਿਨਾ ਦੇ ਅੰਦਰ-ਅੰਦਰ ਜਾ ਕੇ ਸਕੂਲ ਸਿੱਖਿਆ ਵਿਭਾਗ ਵੱਲੋ ਜਾਰੀ ਸ਼ਡਿਊਲ ਮੁਤਾਬਿਕ ਛੁੱਟੀਆ ਹੋਣ ਤਾ ਸਕੂਲ ਖੁਲ੍ਹਣ ਤੋ ਬਾਅਦ 10 ਦਿਨਾ ਦੇ ਅੰਦਰ ਦਾਖਲਾ ਲੈ ਸਕਦੇ ਹਨ।
2. ਸੰਸਥਾ ਮੁੱਖੀ ਲੇਟ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਦਾਖਲਾ ਲੈਣ ਦੀ ਮਿਤੀ ਤੋ 75% ਹਾਜ਼ਰੀਆ ਹੋਣੀਆ ਯਕੀਨੀ ਬਣਾਉਣਗੇ।
3. ਸਮੂਹ ਸਕੂਲ / ਸੰਸਥਾ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੂਜੇ ਰਾਜਾਂ ਤੋਂ ਸੱਤਵੀ, ਅਠੱਵੀਂ, ਨੌਵੀ, ਦਸਵੀ ਅਤੇ ਗਿਆਰ੍ਹਵੀ ਸ੍ਰੇਣੀ ਪਾਸ ਕਰਕੇ ਆਏ ਵਿਦਿਆਰਥੀਆਂ ਨੂੰ ਦਾਖਲੇ ਲਈ ਸਮਾਨਤਾ ਪੱਤਰ ਲੈਣਾ ਲਾਜ਼ਮੀ ਨਹੀ ਹੈ। Department of School Education & literacy (MHRD) ਦੀ ਵੈੱਬਸਾਈਟ dsel.education.gov.in ਤੇ ਉਪਲਬੱਧ ਪ੍ਰਵਾਨਿਤ ਬੋਰਡਾ ਦੀ ਸੂਚੀ ਅਨੁਸਾਰ ਹੀ ਦੂਜੇ ਰਾਜਾ /ਬੋਰਡਾ ਤੋ ਪਾਸ ਕਰਕੇ ਆਏ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ। ਉਹ ਵਿਦਿਆਰਥੀਆਂ ਜਿਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ ਤੋਂ ਕੀਤੀ ਹੋਵੇ ਅਤੇ ਅਗਲੇਰੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਨਾ ਚਾਹੁੰਦੇ ਹੋਣ ਤਾ ਉਹਨਾ ਵਿਦਿਆਰਥੀਆ ਵੱਲੋ University Grants Commission New Delhi (UGC) ਤੋਂ ਸਮਾਨਤਾ ਸਰਟੀਫਿਕੇਟ ਪ੍ਰਾਪਤ ਕਰਨ ਤੇ ਹੀ ਸਕੂਲਾਂ ਵੱਲੋਂ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ।
4. ਸਮੂਹ ਸਕੂਲ /ਸੰਸਥਾ ਮੁਖੀ ਉਪਰੋਕਤ ਦਾਖਲਾ ਸ਼ਡਿਊਲ ਅਤੇ ਬੋਰਡ ਵੱਲੋ ਜਾਰੀ ਦਾਖਲੇ ਲਈ ਯੋਗਤਾਵਾ/ ਹਦਾਇਤਾ/ਸ਼ਰਤਾ ਦੀ ਇੰਨ-ਬਿੰਨ ਪਾਲਣਾ ਕਰਨ।

ਡਾ.ਅਮਰਪਾਲ ਸਿੰਘ
ਚੇਅਰਮੈਨ,ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ: ਪਸਸਬ-ਅਕਾਦਮਿਕ-(59983)-2026.....2599.....ਮਿਤੀ ਸਾਹਿਬਜਾਦਾ ਅਜੀਤਸਿੰਘ ਨਗਰ.....22/07/2026
ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਚੇਅਰਮੈਨ ਜੀ,ਸਕੱਤਰ ਜੀ ਅਤੇ ਉਪ ਸਕੱਤਰ (ਅਕਾਦਮਿਕ) ਜੀ ਦੇ ਨਿੱਜੀ ਸਕੱਤਰਾਂ ਨੂੰ ਚੇਅਰਮੈਨ ਜੀ, ਸਕੱਤਰ ਜੀ ਅਤੇ ਉਪ ਸਕੱਤਰ (ਅਕਾਦਮਿਕ) ਜੀ ਦੀ ਸੂਚਨਾ ਹਿੱਤ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।
3. ਡੀ.ਪੀ.ਆਈ.(ਸੈਕੰਡਰੀ ) ਪੰਜਾਬ, ਐਸ.ਏ.ਐਸ.ਨਗਰ
4. ਪੰਜਾਬ ਰਾਜ ਦੇ ਸਮੂਹ ਸਰਕਲ ਸਿੱਖਿਆ ਅਫਸਰਾਂ ਅਤੇ ਜਿਲ੍ਹਾ ਸਿੱਖਿਆ ਅਫਸਰਾ (ਸੈ.ਸਿ.) ਨੂੰ
5. ਉਪ ਸਕੱਤਰ ਸਹਾਇਕ ਸਕੱਤਰ ਰਜਿਸਟ੍ਰੇਸ਼ਨ /ਮਾਈਗ੍ਰੇਸ਼ਨ ਸ਼ਾਖਾ ਅਤੇ ਡਾਇਰੈਕਟਰ (ਕੰਪਿਊਟਰ)/ਇੰਚਾਰਜ ਟੈਕਨੀਕਲ ਸੈਕਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ।

22.7.26
ਸੁਪਰਡੰਟ(ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।